# ਅਧਿਕਾਰ ਅਤੇ ਜ਼ਿੰਮੇਦਾਰੀਆਂ

## ਮਾਲਕ ਦੀਆਂ ਜ਼ਿੰਮੇਦਾਰੀਆਂ :

- ਮਾਲਕ ਦੀ ਸੁਰੱਖਿਆ ਸਬੰਧੀ ਨੀਤੀ, ਸੁਰੱਖਿਆ ਅਤੇ ਸਿਹਤ ਸਭਾਵਾਂ ਦੀਆਂ ਮੀਟਿੰਗਾਂ ਦੀ ਕਾਰਵਾਈ, ਸਭਾਵਾਂ ਦੇ ਮੈਂਬਰ ਅਤੇ ਨੁਮਾਇੰਦੇਆਂ ਦੇ ਨਾਮ, ਸੁਰੱਖਿਆ ਅਤੇ ਸਿਹਤ ਸਬੰਧੀ ਮੁਆਇਨਾ ਅਤੇ ਕੰਮ ਵਾਲੀ ਥਾਂ ਦੀ ਸੁਰੱਖਿਆ ਅਤੇ ਸਿਹਤ ਸਬੰਧੀ ਆਦੇਸ਼ ਜਾਂ ਕਿਸੇ ਕਿਸਮ ਦੀ ਜਾਰੀ ਕੀਤੀ ਗਈ ਰੀਪੋਰਟ ਦਾ ਨੋਟਿਸ ਲਗਵਾਉਣਾ ਲਾਜ਼ਮੀ ਹੈ।
- ਸਿਹਤ ਅਤੇ ਸੁਰੱਖਿਆ ਸਬੰਧੀ ਲਿਖਤੀ ਰੂਪ ਵਿੱਚ ਖਰੜਾ ਤਿਆਰ ਕਰਨਾ, ਸਿਹਤ ਅਤੇ ਸੁਰੱਖਿਆ ਸਬੰਧੀ ਨੀਤੀਆਂ ਵਾਰੇ ਟਰੇਨਿੰਗ ਦੇਣੀ।
- ਕੰਮ ਵਾਲੀ ਥਾਂ ਅਤੇ ਉੱਥੇ ਕੰਮ ਕਰਨ ਵਾਲਾ ਸਾਜੋ ਸਮਾਨ ਅਤੇ ਬਚਾਓ ਪੱਖੀ ਸਾਧਨਾ ਨੂੰ ਸੁਰੱਖਿਅਤ ਬਣਾ ਕੇ ਮੁਹੱਈਆ ਕਰਨਾ।
- ਕਾਮਿਆਂ ਨੂੰ ਸਹੀ ਢੰਗ ਨਾਲ ਬਚਾਓ ਵਾਲੇ ਯੰਤਰ ਇਸਤੇਮਾਲ ਕਰਨ ਦੀ ਟਰੇਨਿੰਗ ਦੇਣੀ ਅਤੇ ਯਕੀਨਣ ਬਣਾਉਣਾ ਕਿ ਕੀ ਉਹ ਉਹਨਾ ਨੂੰ ਸਹੀ ਤਰੀਕੇ ਨਾਲ ਵਰਤਦੇ ਵੀ ਹਨ।
- ਕਾਮਿਆਂ ਨੂੰ ਖਤਰਨਾਖ ਸਥਿੱਤੀਆਂ ਤੋਂ ਬਚਾਉਣਾ।
- ਕਾਮਿਆਂ ਨੂੰ ਪਹਿਚਾਣੇ ਹੋਏ ਖਤਰੇ ਵਾਰੇ ਸਾਵਧਾਨ ਕਰਨਾ ਅਤੇ ਉਹਨਾ ਨੂੰ ਸੁਰੱਖਿਅਤ ਢੰਗ ਨਾਲ ਕੰਮ ਦੀ ਟਰੇਨਿੰਗ ਦੇਣੀ ਤਾਂ ਕਿ ਸੱਟ ਫੇਟ ਵਾਲੀ ਆਫਤ ਨੂੰ ਟਾਲਿਆ ਜਾ ਸਕੇ।
- ਸੁਪਰਵਾਈਜ਼ਰਾਂ ਨੂੰ ਸਹੀ ਟਰੇਨਿੰਗ ਦੇਣੀ ਤਾਂ ਕਿ ਉਹ ਆਪਣੇ ਫਰਜ਼ਾਂ ਨੂੰ ਪੂਰੀ ਯੋਗਤਾ ਅਨੁਸਾਰ ਨਿਬਾਹ ਸਕਣ।
- ਕੰਮ ਵਾਲੀ ਥਾਂ ਵਾਰੇ ਮੈਨੀਟੋਬਾ ਸਿਹਤ ਅਤੇ ਸੁਰੱਖਿਆ ਸਬੰਧੀ ਵਿਧਾਨ ਅਤੇ ਨਿਜ਼ਮਾਂ (Manitoba Work Place Safety and Health Act and Regulations). ਨੂੰ ਸਮਝਣਾ ਅਤੇ ਉਹਨਾ ਦੀ ਪਾਲਣਾ ਕਰਨੀ।

SAFE WORK
SPOT THE HAZARD
ASSESS THE RISK
FIND A SAFER WAY
EVERYDAY

MISI
MANITOBA IMMIGRANTS' SAFETY INITIATIVE

ਵਰਕਰਜ਼ ਕੰਪਨਸੇਸ਼ਨ ਬੋਰਡ ਆਫ ਮੈਨੀਟੋਬਾ ਦੇ ਸਮਾਜਕ ਪਹਿਲੂਆਂ ਅਤੇ ਖੋਜ਼ ਪਰੋਗਰਾਮ (Community Initiatives and Research Program of the Workers Compensation Board of Manitoba) ਦੁਆਰਾ ਦਿੱਤੀ ਹੋਈ ਸਹਾਇਤਾ ਅਤੇ ਸਹਿਯੋਗ ਨਾਲ।

## ਸੁਪਰਵਾਈਜ਼ਰ ਦੀਆਂ ਜ਼ਿੰਮੇਦਾਰੀਆਂ :

- ਇਸ ਗੱਲ ਦਾ ਖਾਸ ਧਿਆਨ ਰੱਖੇ ਕਿ ਕਾਮਾਂ ਵਿਧਾਨ ਅਤੇ ਨਿਜ਼ਮਾਂ ਦੀ ਪਾਲਨਾ ਕਰ ਰਿਹਾ ਹੈ।
- ਕਾਮਿਆਂ ਨੂੰ ਸੁਰੱਖਿਅਤ ਢੰਗ ਨਾਲ ਕੰਮ ਕਰਨ ਦੀ ਟਰੇਨਿੰਗ ਅਤੇ ਬਚਾਓ ਵਾਲੇ ਯੰਤਰਾਂ ਦਾ ਸਹੀ ਇਸਤੇਮਾਲ ਕਰਨ ਸਬੰਧੀ ਮਸ਼ਵਰਾ ਦੇਵੇ।

## ਕਾਮੇ ਦੀਆਂ ਜ਼ਿੰਮੇਦਾਰੀਆਂ :

- ਬਚਾਓ ਵਾਲੇ ਯੰਤਰਾਂ ਦਾ ਇਸਤੇਮਾਲ ਜਰੂਰਤ ਅਨੁਸਾਰ ਦਿੱਤੀ ਹੋਈ ਟਰੇਨਿੰਗ ਮੁਤਾਬਿਕ ਹੀ ਕਰੇ। ਕਿਸੇ ਵੀ ਹਾਲਤ ਵਿੱਚ ਇਸ ਨੂੰ ਬਦਲਨ ਦੀ ਕੋਸਿਸ਼ ਨਾਂ ਕਰੇ।
- ਕੋਈ ਵੀ ਖਤਰਾ ਜਾਂ ਖਤਰਨਾਇਕ ਸਥਿਤੀ ਹੋਵੇ ਉਸ ਵਾਰੇ ਆਪਣੇ ਸੁਪਰਵਾਈਜ਼ਰ ਨੂੰ ਦੱਸੇ।
- ਬਚਾਓ ਵਾਲੇ ਯੰਤਰਾਂ ਦਾ ਇਸਤੇਮਾਲ ਸੁਰੱਖਿਅਤ ਢੰਗ ਅਤੇ ਦਿੱਤੀ ਹੋਈ ਟਰੇਨਿੰਗ ਮੁਤਾਬਿਕ ਹੀ ਕਰੇ।

## ਕਾਮੇ ਦੇ ਅਧਿਕਾਰ :

- ਕੰਮ ਵਾਲੀ ਜਗਾਹ ਤੇ ਖਤਰਿਆਂ ਮੁਤੱਲਕ ਜਾਣਕਾਰੀ ਲੈਣ ਦਾ ਹੱਕ ਅਤੇ ਸੱਟ ਫੇਟ ਜਾਂ ਬਿਮਾਰੀ ਆਦਿ ਦੇ ਖਤਰਿਆਂ ਤੋਂ ਬਚਣ ਲਈ ਉਹ ਕੀ ਕਰ ਸਕਦਾ ਹੈ।
- ਕੰਮ ਵਾਲੀ ਜਗਾਹ ਤੇ ਸਿਹਤ ਅਤੇ ਸੁਰੱਖਿਆ ਸਬੰਧੀ ਸਰਗਰਮੀਆਂ ਵਿੱਚ ਹਿੱਸਾ ਲੈਣ ਦਾ ਹੱਕ ਜਿਵੇਂ ਕਿ ਕਾਮਿਆਂ ਦੇ ਨੁਮਾਇੰਦੇ ਬਨਣ ਲਈ ਕੰਮ ਵਾਲੀ ਜਗਾਹ ਦੀਆਂ ਸਾਂਝੀਆਂ ਸੁਰੱਖਿਆ ਅਤੇ ਸਿਹਤ ਸਬੰਧੀ ਕਮੇਟੀਆਂ ਵਿੱਚ ਭਾਗ ਲੈਣਾ।
- ਅਗਰ ਕਾਮਾਂ ਇਹ ਮਹਿਸੂਸ ਕਰਦਾ ਹੋਵੇ ਕਿ ਕੋਈ ਕੰਮ ਉਸ ਲਈ ਜਾਂ ਉਸਦੇ ਸਾਥੀ ਕਾਮਿਆ ਦੀ ਸਿਹਤ ਅਤੇ ਸੁਰੱਖਿਆ ਦੇ ਖਤਰੇ ਦਾ ਕਾਰਨ ਬਣ ਸਕਦਾ ਹੈ ਤਾਂ ਉਹ ਉਸ ਕੰਮ ਨੂੰ ਕਰਨ ਤੋਂ ਜਬਾਬ ਦੇ ਸਕਦਾ ਹੈ।
- ਬਚਾਓ ਦਾ ਅਧਿਕਾਰ। ਅਗਰ ਕਾਮਾਂ ਕਿਸੇ ਗੱਲੋਂ ਚਿੰਤਤ ਹੈ ਤਾਂ ਉਹ ਇਸ ਵਾਰੇ ਆਪਣੀ ਸਭਾ ਜਾਂ ਉਸਦੇ ਨੁਮਾਇੰਦੇ ਜਾਂ ਫਿਰ ਸੁਪਰਵਾਈਜ਼ਰ ਨੂੰ ਉਸ ਵਾਰੇ ਦੱਸ ਸਕਦਾ ਹੈ। ਕਾਮਾਂ ਅਗਰ ਇਹ ਕਹਿ ਦਿੰਦਾ ਹੈ ਕਿ ਇਹ ਕੰਮ ਅਣਸੁਰੱਖਿਅਤ ਹੈ ਜਾਂ ਉਹ ਇਸਨੂੰ ਨੇਪਰੇ ਚਾੜਣ ਦੀ ਸਮਰੱਥਾ ਨਹੀਂ ਰੱਖਦਾ ਤਾਂ ਸਿਰਫ ਇਸੇ ਵਜਾਹ ਕਾਰਨ ਉਸਨੂੰ ਲੇ-ਆਫ ਜਾਂ ਕੰਮ ਤੋਂ ਸੇਵਾ ਮੁਕਤ ਨਹੀਂ ਕੀਤਾ ਜਾ ਸਕਦਾ।

